**ਪੰਜਾਬ ਸਕੂਲ ਸਿੱਖਿਆ ਬੋਰਡ**

**(ਪ੍ਰੀਖਿਆ ਸ਼ਾਖਾ ਬਾਰ੍ਹਵੀਂ)**

ਵੱਲ,

ਸਮੂਹ ਸਕੂਲ ਮੁੱਖੀ/ ਪ੍ਰਿੰਸੀਪਲ,
ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਆਦਿ ।

ਪੱਤਰ ਨੰ: ਪਸਸਬ/ਲੇਟਰਸੈਂਟ/ਪ੍ਰੀ-ਬਾਰ੍ਹਵੀਂ/E 130896/ASE+2/2260 ਮਿਤੀ: 13/ 03/2026

**ਵਿਸ਼ਾ: ਅਕਾਦਮਿਕ ਸਾਲ 2025-26 ਬਾਰ੍ਹਵੀਂ ਸ੍ਰੇਣੀ ਲਈ ਵੋਕੇਸ਼ਨਲ ਗਰੁੱਪ ਵਿਸ਼ਾ-ON THE JOB TRAINING (ਪ੍ਰਯੋਗੀ) ਦੇ ਅੰਕ ਬੋਰਡ ਪੋਰਟਲ ਤੇ ਅਪਲੋਡ ਕਰਨ ਸਬੰਧੀ ।**

1. ਵਿਸ਼ਾ ਸਬੰਧੀ ਸਮੂਹ ਵੋਕੇਸ਼ਨਲ ਗਰੁੱਪ ਨਾਲ ਸਬੰਧਤ ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਪ੍ਰਿੰਸੀਪਲ/ਮੁਖੀਆਂ ਨੂੰ ਦੱਸਿਆ ਜਾਂਦਾ ਹੈ ਕਿ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਸਾਲ 2025-26 ਦੀ ਸਕੀਮ ਆਫ ਸਟੱਡੀ (Vocational group)ਜੋਕਿ ਹਰੇਕ ਸਾਲ ਦੀ ਤਰ੍ਹਾਂ ਤੁਹਾਡੇ ਸਕੂਲ ਦੀ ਲਾੱਗ ਇੰਨ.ਆਈ.ਡੀ.ਤੇ ਭੇਜੀ ਗਈ । ਜਿਸ ਅਨੁਸਾਰ ਵਿਦਿਆਰਥੀਆਂ ਦੀ **ON THE JOB TRAINING** ਵਿਸ਼ੇ ਦੀ ਟਰੇਨਿੰਗ ਕਰਵਾਉਣ ਉਪਰੰਤ ਬੋਰਡ ਵੱਲੋਂ ਦਿੱਤੇ ਪੋਰਟਲ ਤੇ ਅੰਕ ਅਪਲੋਡ ਕੀਤੇ ਜਾਣੇ ਹਨ ।
2. ਇਸ **ON THE JOB TRAINING** ਟਰੇਨਿੰਗ ਪ੍ਰੀਖਿਆ ਦੇ ਅੰਕ ਬੋਰਡ ਵੱਲੋਂ ਦਿੱਤੇ ਪੋਰਟਲ ਤੇ ਅਪਲੋਡ ਕਰਨ ਲਈ ਮਿਤੀ:17/03/2026 ਤੋਂ ਮਿਤੀ:15/04/2026 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ, ਮਿਥੇ ਸਮੇਂ ਅਨੁਸਾਰ ਪੋਰਟਲ ਤੇ ਅੰਕ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ । ਕਿਉਂਜੋ ਪ੍ਰੀਖਿਆਵਾਂ ਸਮਾਪਤ ਹੋਣ ਉਪਰੰਤ ਨਤੀਜਾ ਤਿਆਰ ਕਰਨ ਸਬੰਧੀ ਕਾਰਵਾਈ ਆਰੰਭ ਹੋ ਜਾਂਦੀ ਹੈ । ਇਸ ਲਈ ਵਾਰ-ਵਾਰ ਪੋਰਟਲ ਓਪਨ ਕਰਨਾ/ਕਰਵਾਉਣਾ ਸੰਭਵ ਨਹੀਂ ਹੋ ਸਕੇਗਾ । ਮਿਥੇ ਸਮੇਂ ਤੱਕ ਅੰਕ ਪੋਰਟਲ ਤੇ ਅਪਲੋਡ ਨਾ ਕਰਨ ਦੀ ਸੂਰਤ ਵਿੱਚ ਜੇਕਰ ਤੁਹਾਡੇ ਸਕੂਲ ਦੇ ਵਿਦਿਆਰਥੀ ਦਾ ਨਤੀਜਾ ਪ੍ਰਭਾਵਿਤ ਹੁੰਦਾ ਹੈ, ਤਾਂ ਇਸਦੀ ਜ਼ਿੰਮੇਵਾਰੀ ਸਬੰਧਤ ਸਕੂਲ ਪ੍ਰਿੰਸੀਪਲ/ ਮੁੱਖੀ ਦੀ ਹੋਵੇਗੀ ।

13/3/26

**ਸਹਾਇਕ ਸਕੱਤਰ**

**ਮਿਤੀ: 13/03/2026** **(ਪ੍ਰੀਖਿਆ ਬਾਰ੍ਹਵੀਂ ਸ਼ਾਖਾ)**

**ਨੰ: (130896) ਪਸਸਬ-ਸੁ-05 (ਲੇਟਰ ਸੈਂਟ) ਪ੍ਰੀਖਿਆ ਬਾਰ੍ਹਵੀਂ ਸ਼ਾਖਾ-2026/** 2261 **ਮਿਤੀ:13/03/2026**

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾਂ/ਲੋੜੀਂਦੀ ਕਾਰਵਾਈ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ), ਪੰਜਾਬ ।

ਸਹੀ/-

**ਸਹਾਇਕ ਸਕੱਤਰ**

**(ਪ੍ਰੀਖਿਆ ਬਾਰ੍ਹਵੀਂ ਸ਼ਾਖਾ)**